ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮਿਤੀ 15 ਦਸੰਬਰ ਐਤਵਾਰ 2024

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY


Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

# ਵਿਸ਼ਵ ਪੰਜਾਬੀ ਸਭਾ ਵੱਲੋਂ ਪੰਜਾਬੀ ਸ਼ਖਸੀਅਤਾਂ ਨੂੰ ਕੀਤਾ ਗਿਆ ਸਨਮਾਨਿਤ






ਬਰੈਂਪਟਨ 15 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਵਿਸ਼ਵ ਪੰਜਾਬੀ ਸਭਾ ਵੱਲੋਂ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਹੇਠ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਰੂਬਰੂ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਸ੍ਰੀਮਤੀ ਰਿੰਟੂ ਭਾਟੀਆ ਵੱਲੋਂ ਸ਼੍ਰੀਮਤੀ ਰਮਿੰਦਰ ਰੰਮੀ ਨੂੰ ਦਰਸ਼ਕਾਂ ਦੇ ਰੂਬਰੂ ਕੀਤਾ ਗਿਆ। ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਸ਼੍ਰੀਮਤੀ ਰਿੰਟੂ ਭਾਟੀਆ ਨੂੰ ਪੰਜਾਬੀ ਮਾਂ ਬੋਲੀ ਪ੍ਰਤੀ ਸਮਰਪਿਤ 35 ਅੱਖਰੀ ਸਲੇਟ ਦੇ ਕੇ ਸਨਮਾਨਿਤ ਕੀਤਾ ਗਿਆ। ਜਦਕਿ ਸ਼੍ਰੀਮਤੀ ਰਮਿੰਦਰ ਰੰਮੀ ਨੂੰ ਫੁਲਕਾਰੀ ਨਾਲ ਸਨਮਾਨਿਆ ਗਿਆ। ਇਸ ਅਵਸਰ ਤੇ ਚੇਅਰਮੈਨ ਡਾਕਟਰ ਦਲਬੀਰ ਸਿੰਘ ਕਥੂਰੀਆ ਵੱਲੋਂ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਵੀ ਜਾਣਕਾਰੀ ਦਿੱਤੀ ਗਈ।













## ਬਰੈਂਪਟਨ ਕੈਸ਼ ਐਂਡ ਕੈਰੀ ਦੀ ਧਮਾਲ ਆਫ਼ਰ, ਖਰੀਦਦਾਰੀ ਕਰੋਂ ਇਨਾਮ ਜਿੱਤੋ

ਬਰੈਂਪਟਨ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਬਰੈਂਪਟਨ ਕੈਸ਼ ਐਂਡ ਕੈਰੀ (100 ਕੈਨੇਡੀ ਰੋਡ) ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੇ ਮੌਕੇ ਤੇ ਖਰੀਦਦਾਰਾਂ ਲਈ ਧਮਾਲ ਆਫਰ ਲੈ ਕੇ ਆਇਆ। ਇਸ ਆਫ਼ਰ ਦੇ ਤਹਿਤ ਤੁਹਾਡੇ ਵੱਲੋਂ ਕੀਤੀ ਗਈ ਖਰੀਦਦਾਰੀ ਤੇ ਤੁਹਾਨੂੰ 5 ਤਰਾਂ ਦੇ ਇਨਾਮ ਜਿਵੇਂ 65 ਇੰਚ ਐਲ.ਈ.ਡੀ ਟੀ.ਵੀ, ਮਾਈਕ੍ਰੋਵੇਵ, ਮਿਕਸਰ ਗਰਾਇੰਡਰ, ਫੂਡ ਪ੍ਰੋਸੈਸਰ, ਇਲੈਕਟ੍ਰਿਕ ਪ੍ਰੈਸ ਜਿੱਤਣ ਦਾ ਮੌਕਾ ਮਿਲੇਗਾ, ਤਾਂ ਫਿਰ ਦੇਰੀ ਕਿਸ ਗੱਲ ਦੀ ਤੁਰੰਤ ਬਰੈਂਪਟਨ ਕੈਸ਼ ਐਂਡ ਕੈਰੀ ਦੇ 100 ਕੈਨੇਡੀ ਰੋਡ ਸਥਿਤ ਆਊਟਲੈੱਟ ਤੇ ਪਹੁੰਚੋ ਤੇ ਖਰੀਦਦਾਰੀ ਕਰਕੇ ਆਪਣਾ ਫੋਨ ਨੰਬਰ ਰਜਿਸਟਰਡ ਕਰੋ। ਇਸ ਆਫ਼ਰ ਤਹਿਤ 31 ਦਸੰਬਰ ਨੂੰ ਡਰਾਅ ਕੱਢੇ ਜਾਣਗੇ।

# ਕੈਨੇਡਾ ਪੀਲ ਪੁਲਿਸ ਵੱਲੋਂ ਮੰਦਰ ਹਿੰਸਾ ਦੇ ਦੋਸ਼ੀਆਂ ਦੀਆਂ ਫੋਟੋਆਂ ਜਾਰੀ



ਬਰੈਂਪਟਨ 15 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਸ਼ਹਿਰ ਦੇ ਅਮਨ ਕਨੂੰਨ ਲਈ ਜ਼ਿੰਮੇਵਾਰ ਪੀਲ ਖੇਤਰੀ ਪੁਲਿਸ ਨੇ 3 ਨਵੰਬਰ ਨੂੰ ਗੋਰ ਰੋਡ ਸਥਿਤ ਹਿੰਦੂ ਮੰਦਰ ਦੇ ਬਾਹਰ ਖਾਲਿਸਤਾਨ ਸਮਥਕਾਂ ਤੇ ਹੋਰਾਂ ਦੀਆਂ ਹੋਈਆਂ ਹਿੰਸਕ ਝੜਪਾਂ ਵਿੱਚ ਦੋਸ਼ੀ ਪਾਏ ਗਏ ਲੋਕਾਂ ਦੀਆਂ ਫੋਟੋਆਂ ਜਾਰੀ ਕਰ ਕੇ ਆਮ ਲੋਕਾਂ ਨੂੰ ਉਨ੍ਹਾਂ ਦੀ ਪਛਾਣ ਕਰਨ ਦੀ ਅਪੀਲ ਕੀਤੀ ਹੈ ਤਾਂ ਜੋ ਉਨ੍ਹਾਂ ਦੀ ਗ੍ਰਿਫਤਾਰੀ ਸੰਭਵ ਹੋ ਸਕੇ। ਫੋਟੋ ਜਾਰੀ ਕਰਦਿਆਂ ਪੁਲੀਸ ਨੇ ਪ੍ਰੈਸ ਨੋਟ ਵਿੱਚ ਕਿਹਾ ਕਿ ਫੋਟੋਆਂ ਵਿਚਲੇ ਲੋਕਾਂ ਦੀ ਪਛਾਣ ਕਰ ਕੇ ਪੁਲਿਸ ਨੂੰ ਦੱਸਣ ਦੀ ਅਪੀਲ ਕੀਤੀ ਜਾਂਦੀ ਹੈ ਪ੍ਰੁਲਿਸ ਅਨੁਸਾਰ ਲੰਘੀ 3 ਨਵੰਬਰ ਨੂੰ ਗੋਰ ਰੋਡ ਵਾਲੇ ਮੰਦਰ ਅਤੇ ਉਸ ਤੋਂ ਅਗਲੇ ਦਿਨ ਮਿਸੀਸਾਗਾ ਖੇਤਰ ਵਿੱਚ ਹੋਈ ਹੁਲੜਬਾਜ਼ੀ ਦੀਆਂ ਦਰਜਨਾਂ ਵੀਡੀਓ ਉਨ੍ਹਾਂ ਕੋਲ ਪੁੱਜੀਆਂ ਹਨ, ਜਿਨ੍ਹਾਂ ਦੀ ਉਦੋਂ ਤੋਂ ਜਾਂਚ ਕੀਤੀ ਜਾ ਰਹੀ ਸੀ ਤੇ ਆਖਰ ਕੁਝ ਉਹ ਲੋਕ ਜਿਨ੍ਹਾਂ ਇਸ ਹੁਲੜਬਾਜ਼ੀ ਵਿੱਚ ਮੋਹਰੀ ਰੋਲ ਅਦਾ ਕੀਤੇ, ਉਨ੍ਹਾਂ ਨੂੰ ਸਾਹਮਣੇ ਲਿਆਂਦਾ ਗਿਆ ਹੈ। ਪਰ ਉਨ੍ਹਾਂ ਦੀ ਪਛਾਣ ਕਰਨ ਵਿੱਚ ਆ ਰਹੀ ਦਿੱਕਤ ਕਾਰਨ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਤਾਂ ਜੋ ਅਜਿਹੇ ਸਮਾਜ ਵਿਰੋਧੀ ਅਨਸਰਾਂ ਨੂੰ ਕਟਿਹਰੇ 'ਚ ਖੜ੍ਹਾਇਆ ਜਾ ਸਕੇ। ਪੁਲੀਸ ਦਾ ਕਹਿਣਾ ਹੈ ਕਿ ਸੂਚਨਾਕਾਰਾਂ ਦੀ ਪਛਾਣ ਗੁਪਤ ਰੱਖੀ ਜਾਏਗੀ ਤੇ ਉਨ੍ਹਾਂ ਤੋਂ ਕੋਈ ਅਜਿਹੀ ਪੁੱਛ ਪੜਤਾਲ ਨਹੀਂ ਕੀਤੀ ਜਾਏਗੀ, ਜੋ ਉਨ੍ਹਾਂ ਲਈ ਪ੍ਰੇਸ਼ਾਨੀ ਦਾ ਸਬੱਬ ਬਣਦੀ ਹੋਵੇ। ਪੁਲੀਸ ਨੇ ਇਸ ਸਬੰਧੀ ਆਪਣੇ ਅਧਿਕਾਰਤ 'ਐਕਸ' ਖ਼ਾਤੇ ਉਤੇ ਇਕ ਟਵੀਟ ਪਾਈ ਹੈ। ਇੱਥੇ ਯਾਦ ਕਰਾਇਆ ਜਾਂਦਾ ਹੈ ਕਿ ਪਿਛਲੇ ਮਹੀਨੇ ਭਾਰਤੀ ਕੌਂਸਲੇਟ ਜਨਰਲ ਵਲੋਂ ਕੈਨੇਡਾ ਰਹਿੰਦੇ ਭਾਰਤੀ ਪੈਂਸ਼ਨ ਧਾਰਕਾਂ ਨੂੰ ਜਿਉਂਦੇ ਹੋਣ ਦੇ ਸਰਟੀਫਿਕੇਟ ਜਾਰੀ ਕਰਨ ਲਈ ਮੰਦਰ ਦੇ ਅੰਦਰ ਕੈਂਪ ਲਾਇਆ ਗਿਆ ਸੀ, ਪਰ ਕੁਝ ਖਾਲਿਸਤਾਨੀ ਸਮਥਕਾਂ ਵਲੋਂ ਮੰਦਰ ਦੇ ਬਾਹਰ ਕੌਂਲਲੇਟ ਅਮਲੇ ਦਾ ਵਿਰੋਧ ਕਰਦਿਆਂ ਭਾਰਤ ਵਿਰੁੱਧ ਨਾਅਰੇਬਾਜ਼ੀ ਕੀਤੀ ਜਾ ਰਹੀ ਸੀ। ਉਸ ਮੌਕੇ ਕੁਝ ਲੋਕਾਂ ਵਲੋਂ ਨਾਅਰੇਬਾਜ਼ੀ ਦਾ ਵਿਰੋਧ ਕੀਤਾ ਗਿਆ ਅਤੇ ਇਸ ਕਾਰਨ ਵਿਵਾਦ ਹਿੰਸਕ ਹੋ ਗਿਆ, ਜਿਸ ਕਾਰਨ ਪੁਲਿਸ ਨੂੰ ਦਖਲ ਦੇਣਾ ਪਿਆ।

ਕੁਝ ਮੀਡੀਆ ਅਦਾਰਿਆਂ ਵਲੋਂ ਹਿੰਸਕ ਝੜਪ ਨੂੰ ਮੰਦਰ ਉੱਤੇ ਹਮਲੇ ਵਜੋਂ ਪ੍ਰਚਾਰੇ ਜਾਣ ਕਾਰਨ ਕੈਨੇਡਾ ਤੇ ਭਾਰਤ ਸਰਕਾਰ ਦੇ ਰਿਸ਼ਤਿਆਂ ਵਿੱਚ ਪਹਿਲਾਂ ਤੋਂ ਪਈ ਹੋਈ ਖਟਾਸ ਹੋਰ ਵਧ ਗਈ ਸੀ।

# ਟਰੰਪ ਆਏ ਅੱਗੇ, ਘੜੀ ਦਾ ਸਮਾਂ ਨਹੀਂ ਹੋਵੇਗਾ ਪਿੱਛੇ

ਵਾਸ਼ਿੰਗਟਨ, 15 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਅਮਰੀਕਾ ਦੇ ਨਵੇ ਨਿਯੁਕਤ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਹ ਘੜੀਆਂ ਦੇ ਸਮੇਂ ਨੂੰ ਪਿੱਛੇ ਕਰਨ ਦਾ ਸਿਸਟਮ ਖ਼ਤਮ ਕਰਨਗੇ, ਕਿਉਂਕਿ ਇਹ ਲੋਕਾਂ ਦੇ ਲਈ ਅਸੁਵਿਧਾਜਨਕ ਹੈ ਜੋਕਿ ਬਹੁਤ ਮਹਿੰਗਾ ਪੈਂਦਾ ਹੈ।

ਡੇ ਲਾਇਟ ਸੇਵਿੰਗ ਸਿਸਟਮ (ਡੀ.ਐਸ.ਟੀ) ਕਿਉਂ ?

ਅਮਰੀਕਾ ਸਮੇਂਤ ਕਈ ਦੇਸ਼ਾਂ ਵਿੱਚ ਸਰਦੀਆਂ ਵਿੱਚ ਦਿਨ ਛੋਟੇ ਹੁੰਦੇ ਜਾਂਦੇ ਹਨ ਅਤੇ ਰਾਤਾਂ ਲੰਬੀਆਂ। ਅਜਿਹੇ ਵਿੱਚ ਦਫਤਰਾਂ ਵਿੱਚ ਜ਼ਿਆਦਾ ਬਿਜਲੀ ਨਾ ਖ਼ਰਚ ਹੋਵੇ, ਸਰਦੀ ਆਉਂਦੇ ਹੀ ਦੇਸ਼ ਦੀਆਂ ਘੜੀਆਂ ਦਾ ਸਮਾਂ ਪਿੱਛੇ ਕਰ ਲਿਆ ਜਾਂਦਾ ਹੈ।

ਅਜਿਹਾ ਇਸ ਲਈ ਕੀਤਾ ਜਾਂਦਾ ਹੈ ਕਿ ਤਾਕਿ ਲੋਕਾਂ ਦਾ ਦਿਨ ਰੋਸ਼ਨੀ ਵਿੱਚ ਸ਼ੁਰੂ ਹੋਵੇ ਅਤੇ ਸ਼ਾਮ ਨੂੰ ਹਨੇਰਾ ਹੋਣ ਤੋਂ ਪਹਿਲਾ ਦਫ਼ਤਰ ਜਲਦੀ ਬੰਦ ਹੋ ਜਾਣ। ਇਸ ਨਾਲ ਦਿਨ ਦੀ ਰੋਸ਼ਨੀ ਦਾ ਜ਼ਿਆਦਾ ਤੋਂ ਜ਼ਿਆਦਾ ਇਸਤੇਮਾਲ ਹੋ ਸਕੇ।

### ਸਮਾਂ ਬਦਲਣ ਦਾ ਕੀ ਹੈ ਨਿਯਮ

* ਅਮਰੀਕਾ ਵਿੱਚ ਸਰਦੀਆਂ ਵਿੱਚ ਨਵੰਬਰ ਦੇ ਪਹਿਲੇ ਐਤਵਾਰ ਨੂੰ ਘੜੀਆਂ ਨੂੰ 1 ਘੰਟਾ ਪਿੱਛੇ ਕੀਤਾ ਜਾਂਦਾ ਹੈ ਅਤੇ ਬਸੰਤ ਆਉਂਣ ਤੇ ਮਾਰਚ ਦੇ ਦੂਸਰੇ ਐਤਵਾਰ ਨੂੰ ਫਿਰ 1 ਘੰਟਾ ਅੱਗੇ ਕਰ ਦਿੱਤਾ ਜਾਂਦਾ ਹੈ।
* ਸਮੇਂ ਵਿੱਚ ਬਦਲਾਅ ਸਥਾਨਕ ਸਮੇਂ ਅਨੁਸਾਰ ਸਵੇਰੇ 2.00 ਵਜੇ ਹੁੰਦਾ ਹੈ।

### ਸਮਰਥਨ ਅਤੇ ਵਿਰੋਧ ਕਿਉਂ ?

* ਇਸ ਪ੍ਰਥਾ ਦੇ ਸਮਰਥਕਾ ਦਾ ਤਰਕ ਹੈ ਇਸ ਨਾਲ ਐਨਰਜੀ ਬਚੇਗੀ। ਲੋਕ ਸਧਾਰਨ ਸਮੇਂ ਤੋ ਪਹਿਲਾ ਇਕ ਘੰਟਾ ਜਾਗਣਗੇ ਤੇ ਆਪਣੇ ਰੋਜ਼ਾਨਾ ਦੇ ਕੰਮ ਇਕ ਘੰਟੇ ਪਹਿਲਾ ਪੂਰਾ ਕਰਨਗੇ।
* ਆਲੋਚਕਾ ਦਾ ਮੰਨਣਾ ਹੈ ਕਿ ਇਸ ਨਾਲ ਬੱਚਿਆ ਨੂੰ ਹਨੇਰੇ ਵਿੱਚ ਸਕੂਲ ਜਾਣ ਦੇ ਲਈ ਮਜ਼ਬੂਰ ਹੋਣਾ ਪੈਂਦਾ ਹੈ।














BRAMPTON
CASH & CARRY
Importer | Wholesaler | Retailer
CHRISTMAS
&
NEW YEAR
DHAMAAL
SHOPPING KARO TE REGISTER KARKE
PARTICIPATE KARO IN THE LUCKY
DRAW AND WIN EXCITING PRIZES
100 Kennedy Rd S,
Brampton, ON L6W 3E7, Canada
DRAW DATE
31ST DEC.2024
905-230-4800

# ਸੋਸ਼ਲ ਮੀਡੀਆ 'ਤੇ ਗਿਆਨੀ ਹਰਪ੍ਰੀਤ ਸਿੰਘ ਦਾ ਫ਼ਰਜ਼ੀ ਖਾਤਾ ਬਣਾ ਕੀਤੀਆਂ ਜਾ ਰਹੀਆਂ ਟਿੱਪਣੀਆਂ, ਜਥੇਦਾਰ ਨੇ ਇਸ ਨੂੰ ਘਿਨਾਉਣੀ ਕਾਰਵਾਈ ਦਿੱਤਾ ਕਰਾਰ

ਅੰਮ੍ਰਿਤਸਰ15 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਇੰਟਰਨੈੱਟ ਮੀਡੀਆ 'ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ 'ਤੇ ਫ਼ਰਜ਼ੀ ਖਾਤਾ ਬਣਾਇਆ ਗਿਆ ਹੈ। ਇਸ ਫ਼ਰਜ਼ੀ ਖਾਤੇ 'ਤੇ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ 'ਤੇ ਫ਼ਰਜ਼ੀ ਪੇਜ ਬਣਾ ਕੇ ਵੱਖ-ਵੱਖ ਪੋਸਟਾਂ ਪਾਈਆਂ ਜਾ ਰਹੀਆਂ ਹਨ। ਇਸ ਪੋਸਟ 'ਤੇ ਨੀਵੇਂ ਪੱਧਰ ਦੀਆਂ ਟਿੱਪਣੀਆਂ ਵੀ ਕੀਤੀਆਂ ਜਾ ਰਹੀਆਂ ਹਨ। ਜਥੇਦਾਰ ਨੇ ਸੰਗਤਾਂ ਨੂੰ ਅਜਿਹੇ ਫ਼ਰਜ਼ੀ ਪੇਜਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਖਾਤੇ ਵਿਚ ਪੋਸਟ ਵੀ ਸ਼ੇਅਰ ਕੀਤੀ ਹੈ। ਉਨ੍ਹਾਂ ਲਿਖਿਆ ਕਿ ਇੰਨੀਆਂ ਗਿਰੀਆਂ ਤੇ ਨੀਚ ਹਰਕਤਾਂ 'ਤੇ ਉੱਤਰ ਆਓਗੇ, ਕਦੇ ਕਿਸੇ ਸਿੱਖ ਦੇ ਚਿੱਤ ਚੇਤੇ ਵੀ ਨਹੀਂ ਹੋਣਾ। ਮੰਨਦੇ ਆ ਤੁਹਾਡੇ ਕੋਲ ਪੈਸਾ ਹੈ, ਇਕ ਪੂਰਾ ਨੈੱਟਵਰਕ ਸਿਸਟਮ ਹੈ, ਚਾਰ ਚਾਪਲੂਸ ਵੀ ਹਨ। ਇੰਨਾ ਗਿਰਨਾ ਨੈਤਿਕਤਾ ਤੋਂ ਹੀਣੇ ਹੋਣ ਦਾ ਸਬੂਤ ਹੈ। ਉਨ੍ਹਾਂ ਦੇ ਨਾਮ ਦਾ ਜਾਅਲੀ ਪੇਜ ਬਣਾ ਕੇ ਉਸ ਤੋਂ ਅਲੱਗ-ਅਲੱਗ ਪੋਸਟਾਂ 'ਤੇ ਹਲਕੇ ਪੱਧਰ ਦੇ ਕੁਮੈਂਟ ਕੀਤੇ ਜਾ ਰਹੇ ਹਨ। ਇਨ੍ਹਾਂ ਥੱਲੇ ਤਾਂ ਸਮੁੰਦਰ 'ਚ ਟਾਇਟੈਨਿਕ ਨਹੀਂ ਡਿੱਗਿਆ ਜਿੰਨੇ ਤੁਸੀਂ ਡਿੱਗ ਪਏ। ਬੱਸ ਇਨ੍ਹਾਂ ਹੀ ਆਖਾਂਗੇ ਗੁਰੂ ਤੁਹਾਡਾ ਭਲਾ ਕਰੇ। ਗੁਰੂ ਪਿਆਰਿਓ ਇਨ੍ਹਾਂ ਨਕਲੀ ਪੇਜਾਂ ਤੋਂ ਸਾਵਧਾਨ ਰਹੋ।

ਸ੍ਰੋਮਣੀ ਕਮੇਟੀ ਦੇ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਆਪਣੇ ਸੋਸ਼ਲ ਖਾਤੇ ਵਿਚ ਲਿਖਿਆ ਕਿ ਇੱਕ ਗੱਲ ਤਾਂ ਸਪਸ਼ਟ ਹੋ ਗਈ ਹੈ ਕਿ ਅਕਾਲੀ ਦਲ ਨਵੇਂ ਆਗੂ ਪੈਦਾ ਕੀਤੇ ਬਿਨਾਂ ਨਹੀਂ ਰਹਿ ਸਕਦਾ। ਮੌਜੂਦਾ ਅਖੌਤੀ 'ਅਕਾਲੀ ਲੀਡਰ' ਆਮ ਸਿੱਖਾਂ ਵਿਚ ਗੁੰਡਿਆਂ ਦੇ ਟੋਲੇ ਵਾਂਗ ਬਣਦੇ ਜਾ ਰਹੇ ਹਨ। ਜਿਸ ਤਰ੍ਹਾਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ, ਹੇਰਾਫੇਰੀ ਕੀਤੀ ਜਾ ਰਹੀ ਹੈ, ਕੁਆਰਟਰ ਖਾਲੀ ਕਰਵਾਏ ਗਏ ਹਨ, ਜਾਅਲੀ ਖਾਤੇ ਬਣਾਏ ਗਏ ਹਨ, ਤੁਸੀਂ ਆਪਣੀ ਅਸਲ ਕਾਬਲੀਅਤ ਦਾ ਸਬੂਤ ਦਿੱਤਾ ਹੈ। ਬਾਕੀ ਰਹੀ ਕਸਰ ਸ੍ਰੋਮਣੀ ਕਮੇਟੀ ਪ੍ਰਧਾਨ ਦੀ ਗੰਦੀ ਜ਼ੁਬਾਨ ਨੇ ਕੱਢ ਦਿੱਤੀ। ਲੋਕ ਗੁਰਦੁਆਰੇ ਗੁਨਾਹ ਮਾਫ ਕਰਨ ਆਉਂਦੇ ਹਨ, ਇਨ੍ਹਾਂ ਥਾਵਾਂ 'ਤੇ ਬੈਠ ਕੇ ਗੁਨਾਹ ਕਰੋਗੇ ਤਾਂ ਮਾਫ਼ੀ ਮੰਗਣ ਜਾਂ ਪਛਤਾਉਣ ਲਈ ਕਿੱਥੇ ਜਾਓਗੇ ਸੁਣਿਆ ਹੈ ਕਿ ਨਿੱਜੀ ਖਰਚੇ 'ਤੇ ਸਾਰਾ ਕੰਮ ਹੋ ਰਿਹਾ ਹੈ।

# Dallewal ਨੂੰ ਮਿਲਣ ਢਾਬੀ ਗੁਜਰਾਂ ਬਾਰਡਰ ਪੁੱਜੇ DGP ਗੌਰਵ ਯਾਦਵ, ਮਰਨ ਵਰਤ ਤੋੜਨ ਦੀ ਕੀਤੀ ਅਪੀਲ



ਪਟਿਆਲਾ, 15 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਪੰਜਾਬ ਪੁਲਿਸ ਮੁਖੀ (DGP) ਗੌਰਵ ਯਾਦਵ ਨੇ ਅੱਜ ਪਟਿਆਲਾ ਜ਼ਿਲ੍ਹੇ ਅਧੀਨ ਪੈਂਦੇ ਢਾਬੀ ਗੁਜਰਾਂ/ਖਨੌਰੀ ਬਾਰਡਰ 'ਤੇ 20 ਦਿਨਾਂ ਤੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਦੇ ਨਾਲ ਕੇਂਦਰੀ ਗ੍ਰਹਿ ਮੰਤਰਾਲੇ ਦੇ ਡਾਇਰੈਕਟਰ ਮਯੰਕ ਮਿਸ਼ਰਾ, ਪਟਿਆਲਾ ਦੇ ਡੀ.ਆਈ.ਜੀ ਮਨਦੀਪ ਸਿੰਘ ਸਿੱਧੂ ਅਤੇ ਐਸ.ਐਸ.ਪੀ ਡਾ. ਨਾਨਕ ਸਿੰਘ ਵੀ ਸਨ।

ਡੀਜੀਪੀ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਕਿਸਾਨੀ ਮਸਲੇ ਦੇ ਹੱਲ ਲਈ ਕੇਂਦਰ ਸਰਕਾਰ ਨਾਲ ਵੀ ਰਾਬਤਾ ਸਾਧਿਆ ਹੋਇਆ ਹੈ। ਉਨ੍ਹਾਂ ਕਿਸਾਨਾਂ ਅਤੇ ਕੇਂਦਰ ਦਰਮਿਆਨ ਜਲਦੀ ਕੋਈ ਉਸਾਰੂ ਗੱਲਬਾਤ ਸ਼ੁਰੂ ਹੋਣ ਦੀ ਸੰਭਾਵਨਾ ਵੀ ਜਤਾਈ। ਉਹਨਾਂ ਕਿਹਾ ਕਿ ਇਸ ਮੁਲਾਕਾਤ ਲਈ ਪੰਜਾਬ ਦੇ ਮੁੱਖ ਮੰਤਰੀ ਹਰ ਭਗਵੰਤ ਸਿੰਘ ਮਾਨ ਨੇ ਭੇਜਿਆ ਹੈ। ਪੱਤਰਕਾਰਾਂ ਨੂੰ ਡੀਜੀਪੀ ਨੇ ਦੱਸਿਆ ਕਿ ਪੁਲਿਸ ਨਹੀਂ ਚਾਹੁੰਦੀ ਕਿ ਸ੍ਰੀ ਡੱਲੇਵਾਲ ਦਾ ਮਰਨ ਵਰਤ ਤੁੜਵਾਉਣ ਲਈ ਕੋਈ ਜ਼ੋਰ-ਜ਼ਬਰਦਸਤੀ ਕੀਤੀ ਜਾਵੇ। ਇਸ ਕਰਕੇ ਹੀ ਉਹ ਅੱਜ ਇੱਥੇ ਉਚੇਚੇ ਤੌਰ 'ਤੇ ਸ੍ਰੀ ਡੱਲੇਵਾਲ ਨੂੰ ਮਰਨ ਵਰਤ ਤਿਆਗਣ ਦੀ ਅਪੀਲ ਕਰਨ ਆਏ ਹਨ, ਤਾਂ ਜੋ ਉਨ੍ਹਾਂ ਦੀ ਕੀਮਤੀ ਜਾਨ ਨੂੰ ਬਚਾਇਆ ਜਾ ਸਕੇ। ਬਲਕਿ ਸੁਪਰੀਮ ਕੋਰਟ ਵੱਲੋਂ ਵੀ ਸ੍ਰੀ ਡੱਲੇਵਾਲ ਦਾ ਪੂਰਾ ਖਿਆਲ ਰੱਖਣ ਦੀ ਹਦਾਇਤ ਪੰਜਾਬ ਤੇ ਕੇਂਦਰ ਸਰਕਾਰਾਂ ਨੂੰ ਕੀਤੀ ਗਈ ਹੈ, ਜਿਸ ਦੇ ਚਲਦਿਆਂ ਡਾਕਟਰੀ ਟੀਮ ਵੱਲੋਂ ਉਨ੍ਹਾਂ ਦੀ ਸਿਹਤ ਦਾ ਖਿਆਲ ਰੱਖਿਆ ਜਾ ਰਿਹਾ ਹੈ ਤੇ ਇਸੇ ਸਭ ਕਾਸੇ ਦਾ ਮੁਆਇਨਾ ਲੈਣ ਵੀ ਉਹ ਇਥੇ ਪੁੱਜੇ ਹਨ।

ਦੂਜੇ ਪਾਸੇ ਡੱਲੇਵਾਲ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਮਰਨ ਵਰਤ ਕਿਸਾਨ ਮੰਗਾਂ ਮੰਨੇ ਜਾਣ ਤੱਕ ਜਾਰੀ ਰਹੇਗਾ। ਉਨ੍ਹਾਂ ਕਿਹਾ ਕਿ ਜੇ ਸਰਕਾਰਾਂ ਉਨ੍ਹਾਂ ਦਾ ਮਰਨ ਵਰਤ ਖ਼ਤਮ ਕਰਾਉਣਾ ਚਾਹੁੰਦੀਆਂ ਹਨ ਤਾਂ ਫ਼ੌਰੀ ਅੰਦੋਲਨਕਾਰੀ ਕਿਸਾਨਾਂ ਨਾਲ ਗੱਲਬਾਤ ਕੀਤੀ ਜਾਵੇ ਤੇ ਉਨ੍ਹਾਂ ਦੀਆਂ ਮੰਗਾਂ ਮੰਨੀਆਂ ਜਾਣ। ਉਨ੍ਹਾਂ ਕਿਹਾ ਕਿ ਅਜਿਹਾ ਨਾ ਹੋਣ ਦੀ ਸੂਰਤ ਵਿਚ ਉਹ ਆਪਣੀ ਜਾਨ ਦੀ ਕੁਰਬਾਨੀ ਲਈ ਤਿਆਰ ਹਨ।


Admission Open
Diploma in Naturopathy and Yoga.

Take Charge of Your Good Health. Keep Yourself and Your family Healthy without medicines. Also make Naturopathy your Career option



- Course duration 3 years including internship
- Eligibility : Age 18 years and above
- Qualification 12th pass in any stream
- . Online / Offline classes on weekends.
- Classes in English and Hindi

Aarogya Vidhya and Naturopathy Institute Mohali.
Contact 9779773404 / 8437413522
Email: aarogyavidhya1@gmail.com, Instagram: aarogyavidhya Facebook: aarogya vidhya and Naturopathy institute















# 'ਪੰਜਾਬ ਵਿਚ ਔਰਤਾਂ ਨੂੰ ਨਹੀਂ ਦਿੱਤਾ ਜਾ ਰਿਹਾ ਭੱਤਾ'

ਨਵੀਂ ਦਿੱਲੀ, 15 ਦਸੰਬਰ, (ਜਸਵਿੰਦਰ ਸਿੰਘ ਬਿੱਟਾ)- ਦਿੱਲੀ ਵਿੱਚ ਚੋਣ ਤੋਂ ਪਹਿਲਾ ਔਰਤਾਂ ਨੂੰ ਮਹੀਨੇ ਲਈ ਭੱਤਾ ਦੇਣ ਦੇ ਐਲਾਨ ਤੋਂ ਬਾਅਦ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਵਿਚਕਾਰ ਰਾਜਨੀਤਿਕ ਵਿਅੰਗ ਲਾਉਣ ਦਾ ਸਿਲਸਲਾ ਜਾਰੀ ਹੈ।

ਹੁਣ ਦਿੱਲੀ ਦੇ ਪ੍ਰਦੇਸ਼ ਪ੍ਰਧਾਨ ਵੀਰੇਂਦਰ ਸਚਦੇਵਾ ਨੇ ਐਤਵਾਰ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਲਿਖ ਕੇ ਔਰਤਾਂ ਨੂੰ ਇਕ ਹਜ਼ਾਰ ਰੁਪਏ ਦੇਣ ਦੇ ਵਾਅਦੇ ਨੂੰ ਲੈ ਕੇ ਸਵਾਲ ਪੁੱਛੇ ਹਨ। ਵੀਰੇਂਦਰ ਸਚਦੇਵਾ ਨੇ ਕਿਹਾ ਹੈ ਕਿ ਆਮ ਆਦਮੀ ਪਾਰਟੀ ਇਕ ਛਲਾਵਾ ਪਾਰਟੀ ਹੈ ਪਰ ਹੁਣ ਉਹਨਾਂ ਨੂੰ ਇਹ ਸਮਝਣਾ ਹੋਵੇਗਾ ਕਿ ਕਾਠ ਦੀ ਹਾਂਡੀ ਇਕ ਵਾਰ ਚੜ੍ਹਦੀ ਹੈ ਦੋ ਵਾਰ ਨਹੀਂ। ਸਚਦੇਵਾ ਨੇ ਕਿਹਾ ਹੈ ਕਿ ਆਪ ਨੇ ਪਹਿਲਾ ਪੰਜਾਬ ਵਿੱਚ ਅਤੇ ਹੁਣ ਦਿੱਲੀ ਚੋਣਾਂ ਵਿੱਚ ਔਰਤਾਂ ਨੂੰ ਲੁਭਾਉਣ ਦੇ ਲਈ ਮਹੀਨਾ ਭੱਤਾ ਦੇਣ ਦਾ ਐਲਾਨ ਕੀਤਾ ਪਰ ਦਿੱਲੀ ਦੀਆਂ ਔਰਤਾਂ ਗੁੰਮਰਾਹ ਹੋਣ ਵਾਲੀਆਂ ਨਹੀਂ ਹਨ। ਆਮ ਆਦਮੀ ਪਾਰਟੀ ਭੁੱਲ ਗਈ ਹੈ ਕਿ ਪੰਜਾਬ ਚੋਣ ਤੋਂ ਪਹਿਲਾ ਵੀ ਉਹਨਾਂ ਨੇ ਇਹੀ ਵਾਅਦਾ ਕੀਤਾ ਸੀ, ਪਰ ਪੰਜਾਬ ਵਿੱਚ ਸਰਕਾਰ ਬਣਾਉਣ ਦੇ ਤਿੰਨ ਸਾਲ ਬਾਅਦ ਵੀ ਔਰਤਾਂ ਨੂੰ ਭੱਤਾ ਦੇਣਾ ਸ਼ੁਰੂ ਨਹੀਂ ਕੀਤਾ ਗਿਆ ਹੈ। ਇਸ ਲਈ ਮੈਂ ਪੰਜਾਬ ਦੇ ਮੁੱਖ ਮੰਤਰੀ ਨੂੰ ਪੱਤਰ ਲਿਖਕੇ ਉਹਨਾਂ ਦਾ ਧਿਆਨ ਫਰਵਰੀ 2022 ਦੇ ਪੰਜਾਬ ਵਿਧਾਨ ਸਭਾ ਚੋਣ ਤੋਂ ਪਹਿਲਾ ਕੀਤੇ ਗਏ ਪੰਜ ਐਲਾਨਾ ਦੇ ਵੱਲ ਦਿਵਾਇਆ ਹੈ। ਸਚਦੇਵਾ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿੱਚ ਕਿਹਾ ਕਿ ਅਸੀ ਦਿੱਲੀ ਵਾਲੇ ਆਸਾਂ ਕਰਦੇ ਹਾਂ ਕਿ ਆਪਣੇ ਪੰਜਾਬ ਵਿੱਚ ਔਰਤਾਂ ਨੂੰ ਭੱਤਾ ਦੇਣਾ ਸ਼ੁਰੂ ਕਰ ਦਿੱਤਾ ਗਿਆ। ਕਿਉਂਕਿ 2022 ਦੇ ਪੰਜਾਬ ਵਿਧਾਨਸਭਾ ਚੋਣ ਵਿੱਚ ਆਪ ਨੇ ਇਹ ਵਾਅਦਾ ਕੀਤਾ ਸੀ। ਸਚਦੇਵਾ ਨੇ ਪੰਜਾਬ ਦੇ ਮੁੱਖ ਮੰਤਰੀ ਤੋਂ ਤਿੰਨ ਸਵਾਲ ਵੀ ਪੁੱਛੇ ਹਨ। ਪਹਿਲਾ ਸਵਾਲ, ਕੀ ਪੰਜਾਬ ਸਰਕਾਰ ਫ਼ਰਵਰੀ 2022 ਵਿੱਚ ਕੀਤੀ ਗਈ ਘੋਸ਼ਣਾ ਅਨੁਸਾਰ ਔਰਤਾਂ ਨੂੰ ਇਕ ਹਜ਼ਾਰ ਰੁਪਏ ਦੇਣਾ ਸ਼ੁਰੂ ਕਰ ਦਿੱਤਾ ਹੈ। ਦੂਸਰਾ ਸਵਾਲ, ਪੰਜਾਬ ਵਿੱਚ ਔਰਤਾਂ ਨੂੰ ਮਹੀਨਾ ਭੱਤਾ ਦੇਣ ਦੀ ਯੋਜਨਾ ਦਾ ਕੀ ਨਾਮ ਹੈ। ਤੀਸਰਾ ਸਵਾਲ, ਪੰਜਾਬ ਸਰਕਾਰ ਨੇ ਆਖ਼ਰੀ ਵਾਰ ਪੰਜਾਬ ਦੀਆਂ ਔਰਤਾਂ ਨੂੰ ਮਹੀਨਾ ਭੱਤਾ ਕਦੋਂ ਦਿੱਤਾ ਸੀ।

**ਝੂਠੇ ਵਾਅਦੇ ਕਰਕੇ ਗੁੰਮਰਾਹ ਕਰ ਰਹੀ ਆਪ : ਦੇਵੇਂਦਰ ਯਾਦਵ**

ਦਿੱਲੀ ਕਾਂਗਰਸ ਪ੍ਰਧਾਨ ਦੇਵੇਂਦਰ ਯਾਦਵ ਨੇ ਇਲਜ਼ਾਮ ਲਗਾਇਆ ਹੈ ਕਿ ਔਰਤਾਂ ਨੂੰ 2100 ਰੁਪਏ ਦੇਣ ਦਾ ਐਲਾਨ ਕਰਕੇ ਆਮ ਆਦਮੀ ਪਾਰਟੀ ਲੋਕਾਂ ਨੂੰ ਗੁੰਮਰਾਹ ਕਰਨ ਦਾ ਯਤਨ ਕਰ ਰਹੀ ਹੈ। ਅਜਿਹੇ ਵਿੱਚ ਆਮ ਆਦਮੀ ਪਾਰਟੀ ਨੂੰ ਇਸ ਐਲਾਨ ਦਾ ਆਧਾਰ ਦੱਸਣਾ ਚਾਹੀਦਾ। ਉਹਨਾਂ ਕਿਹਾ ਕਿ ਦਿੱਲੀ ਦੀ ਜਨਤਾ ਦਾ ਭਰੋਸਾ ਭਾਜਪਾ ਅਤੇ ਆਮ ਆਦਮੀ ਪਾਰਟੀ ਦੋਨਾਂ ਤੋਂ ਹੀ ਉੱਠ ਚੁੱਕਿਆ ਹੈ। ਜਨਤਾ ਦੀ ਹਮਦਰਦੀ ਲੈਣ ਦੇ ਲਈ ਦੋਨਾਂ ਪਾਰਟੀਆਂ ਇਕ ਦੂਜ਼ੇ ਨਾਲ ਲੜਨ ਦਾ ਦਿਖਾਵਾ ਕਰ ਰਹੀਆਂ ਹਨ।

# ਬਜ਼ੁਰਗਾਂ ਦੀ ਕਿਡਨੀ, ਹਾਰਟ 'ਤੇ ਪੈਰਾਸਿਟਾਮੋਲ ਨਾਲ ਬੁਰਾ ਅਸਰ : ਸਟੱਡੀ



ਨਵੀਂ ਦਿੱਲੀ, 15 ਦਸੰਬਰ, (ਜਸਵਿੰਦਰ ਸਿੰਘ ਬਿੱਟਾ)-ਡਾਕਟਰ ਦੀ ਪਰਚੀ ਦੇ ਬਿਨਾਂ ਮਿਲਣ ਵਾਲੀ ਪੈਰਾਸਿਟਾਮੋਲ ਟੈਬਲੇਟ ਦਾ ਇਸਤੇਮਾਲ ਖ਼ਤਰਨਾਕ ਹੋ ਸਕਦਾ ਹੈ। ਬ੍ਰਿਟੇਨ ਦੀ ਨਵੀਂ ਸਟੱਡੀ ਦੱਸਦੀ ਹੈ ਕਿ ਖ਼ਾਸ ਤੌਰ ਤੇ ਬਜ਼ੁਰਗਾਂ ਵਿੱਚ ਪੈਰਾਸਿਟਾਮੋਲ ਦਾ ਲਗਾਤਾਰ ਇਸਤੇਮਾਲ ਪਾਚਨ ਤੰਤਰ ਦੇ ਅਲਸਰ, ਹਾਰਟ ਫੇਲ ਅਤੇ ਕਿਡਨੀ ਨਾਲ ਜੁੜੀਆਂ ਸਮੱਸਿਆਂ ਨੂੰ ਵਧਾ ਸਕਦਾ ਹੈ।

ਪੈਰਾਸਿਟਾਮੋਲ ਗਠੀਆ ਵਰਗੀ ਹੱਡੀ ਦੀ ਬਿਮਾਰੀ ਦੇ ਲਈ ਸਭ ਤੋਂ ਪਹਿਲਾ ਦਵਾਈ ਦੇ ਰੂਪ ਵਿੱਚ ਰਕਮੈਂਡ ਕੀਤੀ ਜਾਂਦੀ ਹੈ। ਇਸ ਨਾਲ ਜੋੜਾਂ ਵਿੱਚ ਦਰਦ, ਆਕੜ ਅਤੇ ਸੋਜ ਹੁੰਦੀ ਹੈ। ਪਰ ਹਾਲ ਹੀ ਵਿੱਚ ਪੈਰਾਸਿਟਾਮੋਲ ਦੇ ਪ੍ਰਭਾਵ ਤੇ ਸਵਾਲ ਉੱਠਣ ਲੱਗੇ ਹਨ। ਕੁਝ ਅਧਿਐਨ ਵਿੱਚ ਤਾਂ ਇਸਦੇ ਲੰਬੇ ਸਮੇਂ ਤੱਕ ਇਸਤੇਮਾਲ ਨਾਲ ਅਲਸਰ ਅਤੇ ਪਾਚਨ ਤੰਤਰ ਵਿੱਚ ਖ਼ੂਨ ਪੈਣ ਵਰਗੇ ਬੁਰੇ ਅਸਰ ਦੇ ਖ਼ਤਰੇ ਵਧਦੇ ਦਿਖਾਏ ਗਏ ਹਨ।

ਬ੍ਰਿਟੇਨ ਦੀ ਯੂਨੀਵਰਸਿਟੀ ਆੱਫ ਨਾਟਿੰਮਗ ਦੇ ਖੋਜਕਰਤਾ ਨੇ ਪਾਇਆ ਕਿ ਵਾਰ-ਵਾਰ ਪੈਰਾਸਿਟਾਮੋਲ ਲੈਣ ਨਾਲ ਅਲਸਰ (ਬਲੀਡਿੰਗ) ਦਾ ਖ਼ਤਰਾ 24 ਪ੍ਰਤੀਸ਼ਤ ਜਿਆਦਾ ਹੋ ਸਕਦਾ ਹੈ। ਕ੍ਰੋਨਿਕ ਕਿਡਨੀ ਡਿਜੀਜ (ਗੁਰਦੇ ਦੀ ਬਿਮਾਰੀ) ਦਾ ਖਤਰਾ 19 ਪ੍ਰਤੀਸ਼ਤ ਜਿਆਦਾ ਹੁੰਦਾ ਹੈ। ਇਹ ਸਟੱਡੀ 1998 ਤੋਂ 2018 ਦੇ ਵਿਚਕਾਰ ਕਿਲਨਿਕਲ ਪ੍ਰੈਕਿਟਸ ਖ਼ੋਜ ਡੇਟਾ ਤੇ ਆਧਾਰਿਤ ਹੈ। ਇਸ ਵਿੱਚ 1.80 ਲੱਖ ਤੋਂ ਜਿਆਦਾ ਅਜਿਹੇ ਲੋਕਾਂ ਦੇ ਹੈਲਥ ਰਿਕਾਰਡ ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਹਨਾਂ ਛੇਂ ਮਹੀਨਿਆਂ ਦੇ ਅੰਦਰ ਦੋ ਜਾਂ ਜਿਆਦਾ ਵਾਰ ਪੈਰਾਸਿਟਾਮੋਲ ਖਾਣ ਦੀ ਸਲਾਹ ਦਿੱਤੀ ਗਈ ਸੀ, ਜਿਹਨਾਂ ਵਾਰ-ਵਾਰ ਪੈਰਾਸਿਟਾਮੋਲ ਨਹੀਂ ਲਈ ਸੀ। ਮਾਹਿਰਾਂ ਦੀ ਰਾਇ ਹੈ ਕਿ ਸਟੱਡੀ ਨੂੰ ਦੇਖਦੇ ਹੋਏ ਪੈਰਾਸਿਟਾਮੋਲ ਦੇ ਉਪਯੋਗ ਤੇ ਫਿਰ ਤੋਂ ਵਿਚਾਰ ਕਰਨਾ ਚਾਹੀਦਾ।

# ਬਿਨਾਂ ਗਾਰੰਟੀ ਖੇਤੀ ਕਰਜ਼ੇ ਦੀ ਸੀਮਾ ਹੁਣ ਹੋਈ ਦੋਂ ਲੱਖ



ਨਵੀਂ ਦਿੱਲੀ, 15 ਦਸੰਬਰ, (ਜਸਵਿੰਦਰ ਸਿੰਘ ਬਿੱਟਾ)- ਭਾਰਤੀ ਰਿਜਰਵ ਬੈਂਕ (ਆਰ.ਬੀ.ਆਈ) ਨੇ ਇਕ ਜਨਵਰੀ ਤੋਂ ਕਿਸਾਨਾਂ ਦੇ ਲਈ ਬਿਨਾਂ ਗਾਰੰਟੀ ਦੇ ਕਰਜ਼ੇ ਦੀ ਸੀਮਾ 1.6 ਲੱਖ ਤੋਂ ਵਧਾ ਕੇ ਦੋ ਲੱਖ ਰੁਪਏ ਕਰ ਦਿੱਤੀ ਹੈ। ਇਹ ਕਦਮ ਖੇਤੀ ਦੀ ਵਧਦੀ ਲਾਗਤ ਦੇ ਵਿਚਕਾਰ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਸਹਾਇਤਾ ਦੇ ਲਈ ਚੱਕਿਆ ਗਿਆ ਹੈ। ਨਵੇਂ ਨਿਰਦੇਸ਼ਾਂ ਵਿੱਚ ਦੇਸ਼ ਭਰ ਦੇ ਬੈਕਾਂ ਤੋਂ ਹਰੇਕ ਉਧਾਰਕਰਤਾ ਦੇ ਲਈ ਦੋ ਲੱਖ ਤੱਕ ਦੇ ਖੇਤੀ ਅਤੇ ਸੰਬੰਧਤ ਗਤੀਵਿਧੀ ਕਰਜ਼ ਦੇ ਲਈ ਜ਼ਮਾਨਤ ਅਤੇ ਜ਼ਰੂਰਤਾਂ ਨੂੰ ਮੁਆਫ਼ ਕਰਨ ਨੂੰ ਕਿਹਾ ਗਿਆ ਹੈ। ਖੇਤੀ ਮੰਤਰਾਲੇ ਦੇ ਅਨੁਸਾਰ, ਇਹ ਫੈਸਲਾ ਵਧਦੀ ਲਾਗਤ ਅਤੇ ਕਿਸਾਨਾਂ ਦੇ ਲਈ ਕਰਜ਼ ਪਹੁੰਚ ਵਿੱਚ ਸੁਧਾਰ ਦੇ ਲਈ ਲਿਆ ਗਿਆ ਹੈ। ਇਸ ਨਾਲ ਛੋਟੇ ਅਤੇ ਸੀਮਾਂਤ ਭੂਮੀ ਵਾਲੇ 86 ਪ੍ਰਤੀਸ਼ਤ ਤੋਂ ਜ਼ਿਆਦਾ ਕਿਸਾਨਾਂ ਨੂੰ ਲਾਭ ਹੋਵੇਗਾ। ਇਸ ਨਾਲ ਕਿਸਾਨ ਨੂੰ ਕ੍ਰੇਡਿਟ ਕਾਰਡ ਨਾਲ ਆਸਾਨੀ ਨਾਲ ਕਰਜ਼ ਮਿਲਣ ਦੀ ਉਮੀਦ ਹੈ। ਇਹ ਸਰਕਾਰ ਦੀ ਸੰਸ਼ੋਧਿਤ ਵਿਆਜ਼ ਸਹਾਇਤਾ ਯੋਜਨਾ ਦਾ ਪੂਰਕ ਹੋਵੇਗਾ।

# ਅਰਸ਼ਦੀਪ ਕੌਰ ਭਾਰਤੀ ਹਵਾਈ ਸੈਨਾ 'ਚ ਅਫ਼ਸਰ ਬਣੀ



ਨਵੀਂ ਦਿੱਲੀ, 15 ਦਸੰਬਰ, (ਜਸਵਿੰਦਰ ਸਿੰਘ ਬਿੱਟਾ)- ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏਐੱਫਪੀਆਈ) ਫਾਰ ਗਰਲਜ਼, ਐੱਸ.ਏ.ਐੱਸ. ਨਗਰ (ਮੁਹਾਲੀ) ਦੀ ਕੈਡਿਟ ਅਰਸ਼ਦੀਪ ਕੌਰ ਭਾਰਤੀ ਹਵਾਈ ਸੈਨਾ ਵਿੱਚ ਫਲਾਇੰਗ ਅਫਸਰ ਬਣ ਗਈ ਹੈ। ਏਅਰ ਫੋਰਸ ਅਕੈਡਮੀ, ਡੂੰਡੀਗਲ (ਹੈਦਰਾਬਾਦ) ਵਿੱਚ ਸਿਖਲਾਈ ਮੁਕੰਮਲ ਹੋਣ 'ਤੇ ਅੱਜ ਉਸ ਨੇ ਪਾਸਿੰਗ ਆਊਟ ਪਰੇਡ ਵਿੱਚ ਹਿੱਸਾ ਲਿਆ। ਇਸ ਪ੍ਰਭਾਵਸ਼ਾਲੀ ਪਰੇਡ ਦਾ ਨਿਰੀਖਣ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸ਼ਲ ਏ.ਪੀ. ਸਿੰਘ, ਪੀ.ਵੀ.ਐੱਸ.ਐੱਮ, ਏ.ਵੀ.ਐੱਸ.ਐੱਮ ਨੇ ਕੀਤਾ। ਭਾਰਤੀ ਹਵਾਈ ਸੈਨਾ ਦੀ ਮੈਟਰੀਓਲੋਜੀ ਬ੍ਰਾਂਚ ਵਿੱਚ ਫਲਾਇੰਗ ਅਫਸਰ ਵਜੋਂ ਨਿਯੁਕਤ ਅਰਸ਼ਦੀਪ ਕੌਰ ਖਮਾਣੋਂ ਵਾਸੀ ਦਲਜਿੰਦਰ ਪਾਲ ਸਿੰਘ ਦੀ ਧੀ ਹੈ। ਅੱਜ ਸ਼ਹਿਰ ਵਾਸੀਆਂ ਵਿੱਚ ਇਸ ਅਰਸ਼ਦੀਪ ਕੌਰ ਦੀ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਦੀ ਲਹਿਰ ਹੈ।






# ਸੜਕ ਕਿਨਾਰੇ ਗਜਰਾ ਵੇਚਣ ਵਾਲੇ ਬੱਚੇ ਨੂੰ ਕਿਸੇ ਅਜਨਬੀ ਸ਼ਖਸ ਨੇ ਦਿੱਤਾ ਅਜਿਹਾ ਸਰਪ੍ਰਾਈਜ਼, ਮਾਸੂਮ ਬੱਚੇ ਦੀ ਖ਼ੁਸ਼ੀ ਦੇਖ ਕੇ ਲੋਕਾਂ ਦੀਆਂ ਅੱਖਾਂ 'ਚ ਆ ਗਏ ਹੰਝੂ

ਇੱਕ ਅਜਨਬੀ ਸ਼ਖਸ ਛੋਟੇ ਬੱਚੇ ਨੂੰ ਸਰਪ੍ਰਾਈਜ਼ ਦਿੰਦਾ ਹੈ, ਜਿਸਦੀ ਖੁਸ਼ੀ ਦਾ ਕੋਈ ਠਿਕਾਣਾ ਨਹੀਂ ਰਹਿੰਦਾ। ਇਹ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ ਅਤੇ ਲੋਕ ਇਸ ਨੂੰ ਦੇਖ ਕੇ ਭਾਵੁਕ ਹੋ ਰਹੇ ਹਨ।ਇਸ ਵੀਡੀਓ ਨੂੰ ਇੰਸਟਾਗ੍ਰਾਮ 'ਤੇ @iamhussainmansuri ਨਾਮ ਦੇ ਅਕਾਊਂਟ ਨਾਲ ਸ਼ੇਅਰ ਕੀਤਾ ਗਿਆ ਹੈ। ਵੀਡੀਓ ਦੇ ਨਾਲ ਕੈਪਸ਼ਨ 'ਚ ਲਿਖਿਆ ਹੈ-ਕਿਸੇਦੀ ਖੁਸ਼ੀ ਦਾ ਕਾਰਨ ਬਣੋ। ਭਾਵੇਂ ਕੋਈ ਵਿਅਕਤੀ ਗਰੀਬ ਹੋਵੇ ਜਾਂ ਅਮੀਰ, ਛੋਟੀ ਜਿਹੀ ਖੁਸ਼ੀ ਹਰ ਕਿਸੇ ਲਈ ਬਹੁਤ ਮਾਇਨੇ ਰੱਖਦੀ ਹੈ। ਕਈ ਵਾਰ ਸਾਨੂੰ ਅਜਿਹੀਆਂ ਥਾਵਾਂ ਅਤੇ ਚੀਜ਼ਾਂ ਤੋਂ ਖੁਸ਼ੀ ਮਿਲਦੀ ਹੈ ਜਿਸਦੀ ਅਸੀਂ ਕਦੇ ਕਲਪਨਾ ਵੀ ਨਹੀਂ ਕੀਤੀ ਹੁੰਦੀ। ਅਜਿਹਾ ਹੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਇੱਕ ਅਜਨਬੀ ਇੱਕ ਛੋਟੇ ਬੱਚੇ ਨੂੰ ਸਰਪ੍ਰਾਈਜ ਦਿੰਦਾ ਹੈ, ਜਿਸਦੀ ਖੁਸ਼ੀ ਦੀ ਕੋਈ ਹੱਦ ਨਹੀਂ ਹੈ। ਇਹ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ ਅਤੇ ਲੋਕ ਇਸ ਨੂੰ ਦੇਖ ਕੇ ਭਾਵੁਕ ਹੋ ਰਹੇ ਹਨ। ਵਾਇਰਲ ਹੋ ਰਹੀ ਇਸ ਵੀਡੀਓ 'ਚ ਤੁਸੀਂ ਦੇਖ ਸਕਦੇ ਹੋ ਕਿ ਇਕ ਛੋਟਾ ਬੱਚਾ ਸੜਕ ਕਿਨਾਰੇ ਬੈਠ ਕੇ ਵਾਲਾਂ ਲਈ ਗਜਰਾ ਵੇਚ ਰਿਹਾ ਹੈ। ਇਕ ਵਿਅਕਤੀ ਬੱਚੇ ਕੋਲ ਗਜਰਾ ਖਰੀਦਣ ਆਉਂਦਾ ਹੈ ਅਤੇ ਬੱਚੇ ਤੋਂ ਗਜਰਾ ਲੈ ਲੈਂਦਾ ਹੈ ਅਤੇ ਬਦਲੇ ਵਿਚ ਉਸ ਨੂੰ ਬਹੁਤ ਸਾਰੇ ਪੈਸੇ ਦਿੰਦਾ ਹੈ। ਇਸ ਤੋਂ ਇਲਾਵਾ ਉਹ ਵਿਅਕਤੀ ਬੱਚੇ ਨੂੰ ਬਹੁਤ ਸਾਰੀਆਂ ਖਾਣ-ਪੀਣਵਾਲੀਆਂ ਚੀਜ਼ਾਂ ਵੀ ਵੱਡੇ ਬੈਗ 'ਚ ਪਾ ਕੇ ਦਿੰਦਾ ਹੈ। ਇਹ ਸਭ ਦੇਖ ਕੇ ਬੱਚੇ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ। ਵੀਡੀਓ 'ਚ ਤੁਸੀਂ ਦੇਖੋਗੇ ਕਿ ਬੱਚਾ ਆਪਣੀ ਮਾਂ ਨੂੰ ਬਹੁਤ ਖੁਸ਼ੀ ਨਾਲ ਸਭ ਕੁਝ ਦੱਸਦਾ ਹੈ। ਉਸਦੀ ਮਾਂ ਵੀ ਮੁਸਕਰਾਉਣ ਲੱਗਦੀ ਹੈ। ਇਹ ਵੀਡੀਓ ਇੰਨਾ ਪਿਆਰਾ ਹੈ ਕਿ ਇਸ ਨੂੰ ਦੇਖ ਕੇ ਲੋਕ ਕਾਫੀ ਭਾਵੁਕ ਹੋ ਰਹੇ ਹਨ। ਇਸ ਵੀਡੀਓ ਨੂੰ ਇੰਸਟਾਗ੍ਰਾਮ 'ਤੇ @iamhussainmansuri ਨਾਮ ਦੇ ਅਕਾਊਂਟ ਨਾਲ ਸ਼ੇਅਰ ਕੀਤਾ ਗਿਆ ਹੈ। ਵੀਡੀਓ ਦੇ ਨਾਲ ਕੈਪਸ਼ਨ 'ਚ ਲਿਖਿਆ ਹੈ-ਕਿਸੇਦੀ ਖੁਸ਼ੀ ਦਾ ਕਾਰਨ ਬਣੋ। ਇਸ ਵੀਡੀਓ ਨੂੰ ਹੁਣ ਤੱਕ 46 ਲੱਖ ਤੋਂ ਵੱਧ ਲਾਈਕਸ ਅਤੇ 49 ਲੱਖ ਵਿਊਜ਼ ਮਿਲ ਚੁੱਕੇ ਹਨ। ਇਸ ਨੂੰ ਦੇਖ ਕੇ ਹੀ ਤੁਸੀਂ ਸਮਝ ਸਕਦੇ ਹੋ ਕਿ ਇਸ ਵੀਡੀਓ ਨੂੰ ਲੋਕਾਂ ਦਾ ਕਿੰਨਾ ਪਿਆਰ ਮਿਲ ਰਿਹਾ ਹੈ। ਵੀਡੀਓ 'ਤੇ ਲੋਕ ਆਪਣੀ ਪ੍ਰਤੀਕਿਰਿਆ ਦੇ ਰਹੇ ਹਨ। ਇਕ ਯੂਜ਼ਰ ਨੇ ਲਿਖਿਆ-ਇਕ ਦਿਨ ਮੈਂ ਵੀ ਇਹ ਕਰਾਂਗਾ। ਇਕ ਹੋਰ ਯੂਜ਼ਰ ਨੇ ਲਿਖਿਆ-ਇਸ ਵੀਡੀਓ ਨੇ ਮੇਰਾ ਦਿਨ ਬਣਾ ਦਿੱਤਾ।



# 'ਆਪ' ਨੇ 38 ਉਮੀਦਵਾਰਾਂ ਦਾ ਕੀਤਾ ਐਲਾਨ, ਸਾਰੀਆਂ ਸੀਟਾਂ 'ਤੇ ਉਤਾਰੇ ਉਮੀਦਵਾਰ

ਨਵੀਂ ਦਿੱਲੀ, 15 ਦਸੰਬਰ, (ਜਸਵਿੰਦਰ ਸਿੰਘ ਬਿੱਟਾ)-ਆਮ ਆਦਮੀ ਪਾਰਟੀ (ਆਪ) ਨੇ ਦਿੱਲੀ ਦੀਆਂ ਸਾਰੀਆਂ ਵਿਧਾਨ ਸਭਾ ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਨੇ ਆਪਣੀ ਚੌਥੀ ਸੂਚੀ ਵਿੱਚ 38 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਹੈ। ਇਸ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪਾਰਟੀ ਪੂਰੇ ਆਤਮ ਵਿਸ਼ਵਾਸ ਅਤੇ ਪੂਰੀ ਤਿਆਰੀ ਨਾਲ ਚੋਣ ਲੜ ਰਹੀ ਹੈ। ਦਿੱਲੀ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੋਣ ਲੱਗੀਆਂ ਹਨ। ਇਸ ਦੌਰਾਨ ਆਮ ਆਦਮੀ ਪਾਰਟੀ (ਆਪ) ਨੇ ਆਪਣੀਆਂ ਬਾਕੀ ਸਾਰੀਆਂ ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰ ਦਿੱਤੇ ਹਨ। ਪਾਰਟੀ ਨੇ ਐਤਵਾਰ ਨੂੰ ਆਪਣੀ ਚੌਥੀ ਸੂਚੀ ਜਾਰੀ ਕੀਤੀ ਹੈ, ਜਿਸ ਵਿਚ 38 ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ। ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ 3 ਸੂਚੀਆਂ ਜਾਰੀ ਕੀਤੀਆਂ ਸਨ, ਜਿਸ ਵਿੱਚ 32 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ ਸੀ। ਐਤਵਾਰ ਨੂੰ ਪਾਰਟੀ ਵਿੱਚ ਸ਼ਾਮਲ ਹੋਏ ਰਮੇਸ਼ ਪਹਿਲਵਾਨ ਨੂੰ ਵੀ ਆਮ ਆਦਮੀ ਪਾਰਟੀ ਨੇ ਟਿਕਟ ਦਿੱਤੀ ਹੈ। ਇਸ ਨੇ ਕਸਤੂਰਬਾ ਨਗਰ ਤੋਂ ਮੌਜੂਦਾ ਵਿਧਾਇਕ ਮਦਨ ਲਾਲ ਦੀ ਟਿਕਟ ਰੱਦ ਕਰ ਦਿੱਤੀ ਹੈ ਅਤੇ ਉਨ੍ਹਾਂ ਦੀ ਜਗਹਾ ਰਮੇਸ਼ ਪਹਿਲਵਾਨ ਨੂੰ ਉਮੀਦਵਾਰ ਬਣਾਇਆ ਹੈ। ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਵੀਂ ਦਿੱਲੀ ਵਿਧਾਨ ਸਭਾ ਤੋਂ ਚੋਣ ਲੜਨਗੇ, ਜਦਕਿ ਮੁੱਖ ਮੰਤਰੀ ਆਤਿਸ਼ੀ ਕਾਲਕਾ ਜੀ ਤੋਂ ਚੋਣ ਅਖਾੜੇ ਵਿੱਚ ਉਤਰੇ ਹਨ। ਇਸ ਤੋਂ ਇਲਾਵਾ ਸੌਰਭ ਭਾਰਦਵਾਜ ਗ੍ਰੇਟਰ ਕੈਲਾਸ਼ ਤੋਂ,



ਗੋਪਾਲ ਰਾਏ ਬਾਬਰਪੁਰ ਤੋਂ, ਸੋਮਨਾਥ ਭਾਰਤੀ ਮਾਲਵੀਆ ਨਗਰ ਤੋਂ, ਸ਼ੋਏਬ ਮਟੀਆ ਮਹਿਲ ਤੋਂ, ਦੁਰਗੇਸ਼ ਪਾਠਕ ਰਾਜੇਂਦਰ ਨਗਰ ਤੋਂ ਚੋਣ ਲੜਨਗੇ। 'ਆਪ' ਨੇ 17 ਵਿਧਾਇਕਾਂ ਦੀਆਂ ਟਿਕਟਾਂ ਰੱਦ ਕਰ ਦਿੱਤੀਆਂ ਹਨ ਨਰੇਸ਼ ਬਲਯਾਨ ਦੀ ਪਤਨੀ ਪੂਜਾ ਨਰੇਸ਼ ਬਲਯਾਨ ਨੂੰ ਉੱਤਮ ਨਗਰ ਸੀਟ ਤੋਂ ਟਿਕਟ ਦਿੱਤੀ ਗਈ ਹੈ। ਨਰੇਸ਼ ਬਾਲਿਆਨ ਇਸ ਸਮੇਂ ਜੇਲ੍ਹ ਵਿੱਚ ਹੈ। ਦਿੱਲੀ ਪੁਲਿਸ ਨੇ ਨਰੇਸ਼ ਬਾਲਿਆਨ ਨੂੰ ਮਕੋਕਾ ਤਹਿਤ ਗ੍ਰਿਫ਼ਤਾਰ ਕੀਤਾ ਸੀ। ਆਮ ਆਦਮੀ ਨੇ ਕੁੱਲ ਮਿਲਾ ਕੇ 17 ਮੌਜੂਦਾ ਵਿਧਾਇਕਾਂ ਦੀਆਂ ਟਿਕਟਾਂ ਰੱਦ ਕਰ ਦਿੱਤੀਆਂ ਹਨ।

**ਕੇਜਰੀਵਾਲ ਨੇ ਭਾਜਪਾ 'ਤੇ ਹਮਲਾ ਬੋਲਿਆ**

ਇਸ ਦੌਰਾਨ ਅਰਵਿੰਦ ਕੇਜਰੀਵਾਲ ਨੇ ਟਵੀਟ ਕਰਕੇ ਕਿਹਾ, 'ਆਮ ਆਦਮੀ ਪਾਰਟੀ ਨੇ ਅੱਜ ਸਾਰੀਆਂ 70 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਪੂਰੇ ਆਤਮ ਵਿਸ਼ਵਾਸ ਅਤੇ ਪੂਰੀ ਤਿਆਰੀ ਨਾਲ ਚੋਣ ਲੜ ਰਹੀ ਹੈ। ਭਾਜਪਾ ਗਾਇਬ ਹੈ। ਉਨ੍ਹਾਂ ਕੋਲ ਦਿੱਲੀ ਲਈ ਕੋਈ ਮੁੱਖ ਮੰਤਰੀ ਚਿਹਰਾ, ਕੋਈ ਟੀਮ, ਕੋਈ ਯੋਜਨਾਬੰਦੀ ਅਤੇ ਕੋਈ ਵਿਜ਼ਨ ਨਹੀਂ ਹੈ। ਉਨ੍ਹਾਂ ਦਾ ਸਿਰਫ਼ ਇੱਕ ਹੀ ਨਾਅਰਾ ਹੈ, ਸਿਰਫ਼ ਇੱਕ ਨੀਤੀ ਹੈ ਅਤੇ ਸਿਰਫ਼ ਇੱਕ ਮਿਸ਼ਨ ਹੈ-ਕੇਜਰੀਵਾਲ ਨੂੰ ਹਟਾਓ। ਉਸ ਨੂੰ ਪੁੱਛੋ ਕਿ ਉਸ ਨੇ ਪਿਛਲੇ 5 ਸਾਲਾਂ ਵਿੱਚ ਕੀ ਕੀਤਾ, ਉਹ ਜਵਾਬ ਦਿੰਦਾ ਹੈ, ਉਸਨੇ ਕੇਜਰੀਵਾਲ ਨੂੰ ਬਹੁਤ ਗਾਲ੍ਹਾਂ ਕੱਢੀਆਂ। 'ਆਪ' ਕਨਵੀਨਰ ਨੇ ਕਿਹਾ, 'ਸਾਡੀ ਪਾਰਟੀ ਕੋਲ ਇੱਕ ਵਿਜ਼ਨ ਹੈ, ਦਿੱਲੀ ਦੇ ਲੋਕਾਂ ਦੇ ਵਿਕਾਸ ਲਈ ਇੱਕ ਯੋਜਨਾ ਹੈ ਅਤੇ ਇਸ ਨੂੰ ਲਾਗੂ ਕਰਨ ਲਈ ਪੜ੍ਹੇ-ਲਿਖੇ ਲੋਕਾਂ ਦੀ ਇੱਕ ਚੰਗੀ ਟੀਮ ਹੈ। ਪਿਛਲੇ ਦਸ ਸਾਲਾਂ ਵਿੱਚ ਕੀਤੇ ਕੰਮਾਂ ਦੀ ਲੰਮੀ ਸੂਚੀ ਹੈ। ਦਿੱਲੀ ਦੇ ਲੋਕ ਕੰਮ ਕਰਨ ਵਾਲਿਆਂ ਨੂੰ ਵੋਟ ਦੇਣਗੇ, ਗਾਲ੍ਹਾਂ ਕੱਢਣ ਵਾਲਿਆਂ ਨੂੰ ਨਹੀਂ।



# BRAMPTON CASH AND CARRY

| | |
|---|---|
| WHOLESALER | IMPORTER |
| DISTRIBUTOR | RETAILER |

**Wholesaler, Importer, Distributor & Retailer of Restaurants Supply**







BRAMPTON
CASH & CARRY

Brampton CashandCarry2023@gmail.com

**905-230-4800**

**100 Kennedy Road S., Brampton, ON L6W 3E7**


HURRY!
SPECIAL OFFER
BRAMPTON CASH & CARRY
Importer | Wholesaler | Retailer
WHITE ONION– 50 POUND
22 $
Easterday PRODUCE
ONIONS
BUY NOW
T&C APPLY
100 Kennedy Rd S, Brampton, ON L6W 3E7, Canada
905-230-4800


HURRY!
SPECIAL OFFER
BRAMPTON CASH & CARRY
Importer | Wholesaler | Retailer
BRAR BESAN SUPER FINE
9.99 $
BRAR SWEET CORN FLOUR
4.99 $
SHER WHITE WHOLE WHEAT ATTA
15.99 $
SHER
BESAN
BRAR
SWEET CORN FLOUR
FIBER WALA
BUY NOW
T&C APPLY
100 Kennedy Rd S, Brampton, ON L6W 3E7, Canada
905-230-4800


AAPKI PASAND AAPKA SWAAD
DURUM CHAKKI
ATTA
Aapki PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
6HR SOFTNESS
WEIGHT
20LB
PRICE
$9.99
6HR
SOFTNESS
BEST FOR ROLLS, PARANTHAS. POORIS & HOTBREADS